# ਦਫ਼ਤਰ ਡਿਪਟੀ ਕਮਿਸ਼ਨਰ,ਬਰਨਾਲਾ

(ਐਮ.ਏ ਸ਼ਾਖਾ)

COVID-19

ਹੁਕਮ ਨੰ.ਐਮ.ਏ./119954/ 171

ਮਿਤੀ: 23/3/2020

## ਦਫ਼ਤਰੀ ਹੁਕਮ

ਕੋਰੋਨਾਵਾਇਰਸ (ਕੋਵਿਡ-19) ਦੀ ਬਿਮਾਰੀ ਵਿਸ਼ਵ ਭਰ ਵਿੱਚ ਫੈਲ ਰਹੀ ਹੈ। ਜਿਸ ਨੂੰ ਮੁੱਖ ਰੱਖਦੇ ਹੋਏ ਪੰਜਾਬ ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਨ ਨੰ:14/7/2020-4ਸਿਪ/677 ਮਿਤੀ 05.03.2020 ਰਾਹੀਂ ਕੋਰੋਨਾਵਾਇਰਸ ਨੂੰ ਮਹਾਂਮਾਰੀ ਘੋਸ਼ਿਤ ਕਰ ਦਿੱਤਾ ਗਿਆ ਹੈ। ਜਿਲ੍ਹਾ ਬਰਨਾਲਾ ਦਾ ਕੋਵਿਡ-19 ਸਬੰਧੀ ਕੰਟਰੋਲ ਰੂਮ **ਦਫ਼ਤਰ ਉਪ ਮੰਡਲ ਮੈਜਿਸਟਰੇਟ, ਬਰਨਾਲਾ** ਵਿਖੇ ਸਥਾਪਿਤ ਕੀਤਾ ਜਾਂਦਾ ਹੈ। ਇਸ ਕੰਟਰੋਲ ਰੂਮ ਦਾ **ਸੰਪਰਕ ਨੰਬਰ: 01679-230032** ਹੋਵੇਗਾ ਅਤੇ **Email** controlroomcovid19bnl2@gmail.com ਹੋਵੇਗੀ। ਇਹ ਕੰਟਰੋਲ ਰੂਮ 24 ਘੰਟੇ ਅਤੇ ਹਰ ਦਿਨ ਸਮੇਤ ਸ਼ਨੀਵਾਰ-ਐਤਵਾਰ ਅਤੇ ਹੋਰ ਕਿਸੇ ਵੀ ਤਰ੍ਹਾਂ ਦੀ ਗਜ਼ਟਿਡ ਛੁੱਟੀ ਸਮੇਂ ਖੁੱਲ੍ਹਾ ਰਹੇਗਾ। ਜਿਲ੍ਹਾ ਬਰਨਾਲਾ ਦੀ ਆਮ ਪਬਲਿਕ ਨੂੰ ਅਗਰ ਕੋਈ ਐਮਰਜੈਂਸੀ ਹੋਵੇ ਤਾਂ ਉਹ ਤੁਰੰਤ ਕੰਟਰੋਲ ਰੂਮ ਨੂੰ ਸੂਚਿਤ ਕਰਨ ਅਤੇ ਉਪਰੋਕਤ ਦਰਸਾਈ ਈ-ਮੇਲ ਪਰ ਆਪਣਾ ਵੇਰਵਾ ਭੇਜਕੇ ਭੇਜਣ, ਜਿਸ ਨਾਲ ਉਹ ਐਮਰਜੈਂਸੀ ਦਾ ਕਾਰਨ ਅਤੇ ਸਬੰਧਤ ਦਸਤਾਵੇਜ ਵੀ ਭੇਜੇਗਾ ਤਾਂ ਜੋ ਉਸਨੂੰ ਲੋੜੀਂਦੀ ਸੁਵਿਧਾ ਮੁਹੱਈਆ ਕਰਵਾਈ ਜਾ ਸਕੇ।

ਉਪਰੋਕਤ ਕੰਟਰੋਲ ਰੂਮ ਦਾ **ਸ੍ਰੀਮਤੀ ਗੁਰਪ੍ਰੀਤ ਕੌਰ, ਨਾਇਬ ਤਹਿਸੀਲਦਾਰ, ਬਰਨਾਲਾ (97794-25421)** ਨੂੰ ਨੋਡਲ ਅਫਸਰ ਨਿਯੁਕਤ ਕੀਤਾ ਜਾਂਦਾ ਹੈ।

ਇਸਤੋਂ ਇਲਾਵਾ ਆਮ ਜਨਤਾ ਨੂੰ ਇਹ ਵੀ ਬੇਨਤੀ ਕੀਤੀ ਜਾਂਦੀ ਹੈ ਕਿ ਅਗਰ ਕਿਸੇ ਵਿਅਕਤੀ ਦੇ ਬਾਹਰੋਂ ਆਉਣ ਜਾਂ ਕਿਸੇ ਸ਼ੱਕੀ ਵਿਅਕਤੀ ਬਾਰੇ ਜਾਣਕਾਰੀ ਮਿਲਦੀ ਹੈ ਤਾਂ ਉਸ ਸਬੰਧੀ ਤੁਰੰਤ ਇਸ ਕੰਟਰੋਲ ਰੂਮ ਨੂੰ ਜਾਣੂੰ ਕਰਵਾਇਆ ਜਾਵੇ।

ਜਿਲਾ ਲੋਕ ਸੰਪਰਕ ਅਫਸਰ ਬਰਨਾਲਾ ਇਸ ਹੁਕਮ ਸਬੰਧੀ ਪ੍ਰਚਾਰ ਗੱਡੀ ਰਾਹੀਂ ਮੁਨਾਦੀ ਕਰਵਾ ਕੇ ਅਤੇ ਹੁਕਮ ਦੀਆਂ ਕਾਪੀਆਂ ਸਦਰ ਮੁਕਾਮਾਂ, ਉਪ ਮੰਡਲ ਮੈਜਿਸਟਰੇਟਸ ਦੇ ਦਫਤਰਾਂ ਦੇ ਨੋਟਿਸ ਬੋਰਡਾਂ ਅਤੇ ਜਿਲ੍ਹਾ ਪੱਧਰ ਦੀਆਂ ਪਬਲਿਕ ਥਾਵਾਂ ਤੇ ਚਸਪਾ ਕਰਕੇ ਲਾਗੂ ਕਰਵਾਉਣਗੇ।

ਤੇਜ ਪ੍ਰਤਾਪ ਸਿੰਘ ਫੂਲਕਾ, ਆਈ.ਏ.ਐਸ
**ਡਿਪਟੀ ਕਮਿਸ਼ਨਰ,**
**ਬਰਨਾਲਾ।**

**ਪਿੱਠ ਅ.ਨੰ:ਐਮ.ਏ/119954/** 5220-5251 **ਮਿਤੀ:** 23/3/2020

ਇਸਦਾ ਇਕ ਉਤਾਰਾ ਸੂਚਨਾਂ ਅਤੇ ਪਾਲਣਾ ਯਕੀਨੀ ਬਨਾਉਣ ਹਿਤ ਭੇਜਿਆ ਜਾਂਦਾ ਹੈ:-

1. ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।
2. ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸਿਹਤ ਅਤੇ ਪਰਿਵਾਰ ਭਲਾਈ ਵਿਭਾਗ,ਚੰਡੀਗੜ੍ਹ।
3. ਕਮਿਸ਼ਨਰ, ਪਟਿਆਲਾ ਮੰਡਲ ਪਟਿਆਲਾ।
4. ਜਿਲਾ ਅਤੇ ਸੈਸ਼ਨ ਜੱਜ ਬਰਨਾਲਾ।
5. ਸੀਨੀਅਰ ਕਪਤਾਨ ਪੁਲਿਸ, ਬਰਨਾਲਾ।
6. ਸਿਵਲ ਸਰਜਨ,ਬਰਨਾਲਾ।
7. ਉਪ ਮੰਡਲ ਮੈਜਿਸਟਰੇਟ,ਬਰਨਾਲਾ/ਤਪਾ।
8. ਜਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ, ਬਰਨਾਲਾ ਅਤੇ ਸਮੂਹ ਬੀ.ਡੀ.ਪੀ.ਓਜ਼ ਨੂੰ ਨੋਟ ਕਰਾਉਣ ਹਿੱਤ।
9. ਸਮੂਹ ਕਾਰਜ ਸਾਧਕ ਅਫਸਰ, ਨਗਰ ਕੌਂਸਲ,ਬਰਨਾਲਾ/ਤਪਾ/ਧਨੌਲਾ/ਭਦੌੜ ਅਤੇ ਨਗਰ ਪੰਚਾਇਤ,ਹੰਡਿਆਇਆ।
10. ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ ਦਫਤਰ, ਬਰਨਾਲਾ।
11. ਜਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ, ਬਰਨਾਲਾ।
12. ਜਿਲ੍ਹਾ ਮੰਡੀ ਅਫਸਰ, ਬਰਨਾਲਾ।
13. ਡਿਪਟੀ ਡਾਇਰੈਕਟਰ, ਪਸ਼ੂ ਪਾਲਣ, ਬਰਨਾਲਾ।
14. ਵਧੀਕ ਨਿਗਰਾਨ ਇੰਜੀਨੀਅਰ, ਪੀ.ਐਸ.ਪੀ.ਸੀ.ਐਲ, ਬਰਨਾਲਾ।
15. ਕਾਰਜਕਾਰੀ ਇੰਜੀਨੀਅਰ, ਵ/ਸ ਤੇ ਸੀਵਰੇਜ ਬੋਰਡ, ਬਰਨਾਲਾ।
16. ਕਾਰਜਕਾਰੀ ਇੰਜੀਨੀਅਰ, ਪਬਲਿਕ ਹੈਲਥ, ਬਰਨਾਲਾ।
17. ਜਿਲ੍ਹਾ ਖੇਡ ਅਫਸਰ, ਬਰਨਾਲਾ।
18. ਜਿਲ੍ਹਾ ਮਾਲ ਅਫ਼ਸਰ,ਬਰਨਾਲਾ।
19. ਜਿਲ੍ਹਾ ਲੋਕ ਸੰਪਰਕ ਅਫਸਰ ਬਰਨਾਲਾ।
20. ਸਕੱਤਰ, ਇੰਡੀਅਨ ਰੈਡ ਕਰਾਸ ਸੋਸਾਇਟੀ, ਬਰਨਾਲਾ।
21. ਪੀ.ਏ ਟੂ ਡੀ.ਸੀ./ਸਟੈਨੋਗ੍ਰਾਫਰ ਟੂ ਏ.ਡੀ.ਸੀ./ਸਟੈਨੋ ਟੂ ਏ.ਸੀ.(ਜ)/ਏ.ਸੀ (ਸ਼ਿਕਾਇਤਾਂ) ਪਾਸ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿਤ।

**ਡਿਪਟੀ ਕਮਿਸ਼ਨਰ,**
**ਬਰਨਾਲਾ।**

Scanned with CamScanner